ਵੱਲੋਂ

ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,
(ਤਕਨੀਕੀ ਸਿੱਖਿਆ ਵਿੰਗ),
ਪਲਾਟ ਨੰ: 1-ਏ, ਸੈਕਟਰ 36, ਚੰਡੀਗੜ੍ਹ।

ਸੇਵਾ ਵਿਖੇ

ਪ੍ਰਿੰਸੀਪਲ/(ਸੈਕਸ਼ਨਿੰਗ ਅਥਾਰਟੀ)
ਸਰਕਾਰੀ ਬਹੁਤਕਨੀਕੀ ਕਾਲਜ,
ਰਜਿਸਟਰਾਰ

1. ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ
2. ਡਾ. ਬੀ.ਆਰ.ਅੰਬੇਦਕਰ, ਨੈਸ਼ਨਲ ਇੰਸਟੀਚਿਊਟ ਆਫ ਟੈਕਨੋਲੋਜੀ, ਜਲੰਧਰ
3. ਇੰਡੀਅਨ ਇੰਸਟੀਚਿਊਟ ਆਫ ਟੈਕਨੋਲੋਜੀ, ਰੋਪੜ
4. ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀ: ਐਂਡ ਟੈਕ:, ਲੌਂਗੋਵਾਲ ਸੰਗਰੂਰ
5. ਥਾਪਰ ਯੂਨੀਵਰਸਿਟੀ, ਪਟਿਆਲਾ
6. ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।

ਮੀਮੋ ਨੰ: ਮਿਤੀ:

ਵਿਸ਼ਾ: ਵੈਬ ਪੋਰਟਲ ਤੇ ਲਾਭਪਾਤਰੀ ਵਿਦਿਆਰਥੀਆਂ ਦੀਆਂ ਪ੍ਰਤੀ ਬੇਨਤੀਆਂ ਸਬੰਧੀ।

ਹਵਾਲਾ: ਇਸ ਦਫਤਰ ਦੀ ਮੀਮੋ ਨੰ: 2157-62 ਮਿਤੀ 30.12.2013 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਇਹ ਦੱਸਿਆ ਜਾਂਦਾ ਹੈ ਕਿ ਵੈਬ ਪੋਰਟਲ ਨੂੰ examine ਕਰਨ ਉਪਰੰਤ ਪਾਇਆ ਗਿਆ ਹੈ ਕਿ ਆਪ ਵੱਲੋਂ ਕੇਵਲ 80% ਪ੍ਰਤੀ ਬੇਨਤੀਆਂ ਹੀ ਪ੍ਰੋਸੈੱਸ ਕੀਤੀਆਂ ਗਈਆਂ ਹਨ ਜੋ ਕਿ ਬਹੁਤ ਘੱਟ ਹਨ। ਕੁੱਝ ਪ੍ਰਤੀਬੇਨਤੀਆਂ ਸੰਸਥਾਵਾਂ ਦੀ ਪੱਧਰ ਤੇ ਵੀ ਪੈਡਿੰਗ ਪਈਆਂ ਹਨ। ਇਹਨਾਂ ਦੀ ਆਖਰੀ ਮਿਤੀ 30.11.2013 ਤੱਕ ਭਲਾਈ ਵਿਭਾਗ ਵੱਲੋਂ ਮਿਥੀ ਗਈ ਸੀ। ਇਸ ਗੱਲ ਦਾ ਮਾਨਯੋਗ ਡਾਇਰੈਕਟਰ ਸਾਹਿਬ ਜੀ ਵੱਲੋ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਆਦਾ ਤੋਂ ਜ਼ਿਆਦਾ ਮੈਨ ਪਾਵਰ ਲਗਾ ਕੇ ਤੁਰੰਤ ਕੰਮ ਦਾ ਨਿਪਟਾਰਾ ਯਕੀਨੀ ਬਣਾਇਆ ਜਾਵੇ ਅਤੇ ਇਸ ਦੀ ਪਾਲਣਾ ਰਿਪੋਰਟ ਮਿਤੀ 10.01.2014 ਤੱਕ ਭੇਜੀ ਜਾਵੇ। ਅਜਿਹਾ ਨਾ ਕਰਨ ਤੇ ਸਬੰਧਤ ਸੰਸਥਾਵਾਂ ਦੇ ਵਿਰੁੱਧ ਸ਼ਖਤ ਕਾਰਵਾਈ ਆਰੰਭੀ ਜਾਵੇਗੀ।

ਇਸ ਤੋਂ ਇਲਾਵਾ ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਸੰਸਥਾਵਾਂ ਤੋਂ ਕੰਪਾਈਲਡ ਰਿਪੋਰਟ ਮਿਤੀ 10.01.2014 ਲੈ ਕੇ ਤਸਦੀਕ ਕੀਤਾ ਜਾਵੇ ਕਿ ਕੋਈ ਯੋਗ ਵਿਦਿਆਰਥੀ ਅਪਾਈ ਕਰਨ ਤੋਂ ਵਾਝਾਂ ਨਹੀਂ ਰਹਿ ਗਿਆ।

ਵਧੀਕ ਡਾਇਰੈਕਟਰ
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ
ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਪਿੰਠ ਅਕੰਣ ਨੰ: 313 /ਸਕਾਲਰਸ਼ਿਪ ਮਿਤੀ: 09.01.2014

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆ ਸ੍ਰੇਣੀਆ, ਭਲਾਈ ਵਿਭਾਗ, ਪੰਜਾਬ ਐਸ.ਸੀ.ਓ ਨੰ: 128-129, ਸੈਕਟਰ 34 ਏ, ਚੰਡੀਗੜ੍ਹ।
2. ਪ੍ਰੋਗਰਾਮਰ (ਮੁੱਖ ਦਫਤਰ) ਵਿਭਾਗ ਦੀ ਵੈਬ ਸਾਇਟ ਤੇ ਪਾਉਣ ਹਿੱਤ ।

ਵਧੀਕ ਡਾਇਰੈਕਟਰ
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ
ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।